# ਜੂਆ
(Gambling)

## ਕਿਸ਼ੋਰ (13 ਤੋਂ 19 ਸਾਲ ਵਾਲੇ ਬੱਚੇ) ਅਤੇ ਜੂਆ
**(Teens and Gambling)**

ਜ਼ਿਆਦਾ ਜਵਾਨ ਲੋਕ ਆਪਣੇ-ਆਪ ਨੂੰ ਜੁਆਰੀਆਂ ਵਜੋਂ ਨਹੀਂ ਸੋਚਦੇ। ਆਖਿਰਕਾਰ, ਉਹ ਕੈਸੀਨੋ, ਬਾਰਸ, ਜਾਂ ਰੇਸ ਦੇ ਟ੍ਰੈਕ ਤੇ ਜੂਆ ਨਹੀਂ ਖੇਡਦੇ ਜਿਵੇਂ ਕਿ ਬਾਲਗ ਖੇਡਦੇ ਹਨ। ਹਾਲਾਂਕਿ ਅੱਜ-ਕੱਲ੍ਹ ਦੇ ਜ਼ਿਆਦਾਤਰ ਕਿਸ਼ੋਰ ਕਈ ਸਾਲਾਂ ਤੋਂ ਜੂਆ ਖੇਡ ਰਹੇ ਹਨ।

ਜੂਆ ਪੈਸੇ, ਜਾਂ ਕੋਈ ਉਹ ਚੀਜ਼ ਜਿਸ ਦਾ ਕੋਈ ਮੁੱਲ ਹੁੰਦਾ ਹੈ ਨੂੰ ਕਿਸੇ ਉਸ ਗਤੀਵਿਧੀ ਲਈ ਜੋਖਿਮ ਤੇ ਲਗਾਉਣਾ ਹੁੰਦਾ ਹੈ ਜਿਸ ਦੇ ਨਤੀਜੇ ਗੈਰਯਕੀਨੀ ਹੁੰਦੇ ਹਨ। ਇਸ ਦਾ ਮਤਲਬ ਬਹੁਤ ਸਾਰੀਆਂ ਚੀਜ਼ਾਂ ਤੋਂ ਹੋ ਸਕਦਾ ਹੈ। ਪੈਸੇ ਲਈ ਤਾਸ਼ ਜਾਂ ਵੀਡੀਓਗੇਮਸ ਖੇਡਣਾ, ਰੈਫਲ ਟਿਕਟਾਂ ਖਰੀਦਣਾ, ਇਹ ਸ਼ਰਤ ਲਗਾਉਣੀ ਕਿ ਪੂਲ ਮੈਚ ਕੌਣ ਜਿੱਤੇਗਾ, ਜਾਂ NHL ਗੇਮ ਤੇ ਆਪਣੀ ਪਸੰਦੀਦਾ CD ਨੂੰ ਸ਼ਰਤ ਤੇ ਲਗਾਉਣਾ—ਇਹ ਸਾਰਾ ਕੁਝ ਜੂਆ ਹੈ।

ਅਲਬਰਟਾ ਵਿੱਚ ਕਿਸ਼ੋਰਾਂ ਅਤੇ ਜੂਏ ਬਾਰੇ ਇਹ ਕੁਝ ਤੱਥ ਅਤੇ ਆਂਕੜੇ ਹਨ , ਜੋ 2008 ਵਿੱਚ 7 – 12 ਗ੍ਰੇਡ ਦੇ ਵਿਦਿਆਰਥੀਆਂ ਦੇ ਸਰਵੇਖਣ ਤੋਂ ਲਏ ਗਏ ਹਨ:

### ਜੂਆ
**(Gambling)**

- ਸਮੁੱਚੇ ਤੌਰ ਤੇ, 54% ਵਿਦਿਆਰਥੀ ਜੂਆ ਨਹੀਂ ਖੇਡਦੇ।
- ਉਹ ਤਿੰਨ ਕਿਸਮ ਦੇ ਜੂਏ ਜੋ ਵਿਦਿਆਰਥੀ ਸਭ ਤੋਂ ਜ਼ਿਆਦਾ ਖੇਡਦੇ ਹਨ, ਉਹ ਹਨ ਸਕ੍ਰੈਚ ਟਿਕਟਾਂ (25%), ਪੈਸੇ ਲਈ ਤਾਸ਼ ਖੇਡਣਾ (22%), ਅਤੇ ਖੇਡਾਂ ਤੇ ਸ਼ਰਤਾਂ ਲਗਾਉਣਾ (22%)।
- ਹਾਈ-ਸਕੂਲ ਦੇ ਵਿਦਿਆਰਥੀ ਜੂਨੀਅਰ ਸਕੂਲ ਦੇ ਵਿਦਿਆਰਥੀਆਂ ਨਾਲੋਂ ਜ਼ਿਆਦਾ ਜੂਆ ਖੇਡਦੇ ਹਨ।
- ਜੂਨੀਅਰ ਸਕੂਲ ਦੇ ਵਿਦਿਆਰਥੀ ਹਾਈ-ਸਕੂਲ ਦੇ ਵਿਦਿਆਰਥੀਆਂ ਨਾਲੋਂ ਬਿੰਗੋ ਜ਼ਿਆਦਾ ਖੇਡਦੇ ਹਨ। ਜੂਏ ਦੀਆਂ ਹੋਰ ਦੂਸਰੀਆਂ ਕਿਸਮਾਂ ਹਾਈ-ਸਕੂਲ ਦੇ ਵਿਦਿਆਰਥੀਆਂ ਨਾਲ ਜ਼ਿਆਦਾ ਪ੍ਰਚਲਿਤ ਹਨ।
- 5% ਤੋਂ ਘੱਟ ਵਿਦਿਆਰਥੀ ਔਨਲਾਈਨ ਸ਼ਰਤਾਂ ਲਗਾਉਂਦੇ ਹਨ।
- 2002 ਤੋਂ ਲੈ ਕੇ ਅਲਬਰਟਾ ਦੇ ਕਿਸ਼ੋਰਾਂ ਵਿੱਚ ਜੂਆ ਖੇਡਣਾ ਵਧਿਆ ਹੈ—ਖਾਸ ਕਰਕੇ ਪੈਸੇ ਲਈ ਤਾਸ਼ ਖੇਡਣਾ।

## ਜੂਏ ਦੀ ਸਮੱਸਿਆ
**(Problem Gambling)**

- ਸਮੁੱਚੇ ਤੌਰ ਤੇ, ਲਗਭਗ 2% ਵਿਦਿਆਰਥੀਆਂ ਨੇ ਜੂਏ ਦੀ ਸਮੱਸਿਆ ਦੇ ਸੰਕੇਤ ਦਿਖਾਏ ਹਨ।
- ਹੋਰ 3.5% ਵਿਦਿਆਰਥੀਆਂ ਨੇ ਜੂਏ ਦੀ ਸਮੱਸਿਆ ਦੇ ਜੋਖਿਮ ਤੇ ਹੋਣ ਦੇ ਸੰਕੇਤ ਦਿਖਾਏ ਹਨ।
- ਪਿਛਲੇ 12 ਮਹੀਨਿਆਂ ਵਿੱਚ ਆਦਮੀ, ਔਰਤਾਂ ਨਾਲੋਂ ਜ਼ਿਆਦਾ ਜੂਆ ਖੇਡੇ ਹਨ—ਲਗਭਗ 39% ਔਰਤਾਂ ਦੀ ਤੁਲਨਾ ਵਿੱਚ ਲਗਭਗ 52% ਆਦਮੀ।
- ਵਿਦਿਆਰਥੀ ਆਪਣੀ ਉਮਰ ਦੇ ਨਾਲ ਜ਼ਿਆਦਾ ਸਮਾਂ ਜੂਆ ਖੇਡਣ ਤੇ ਬਿਤਾਉਂਦੇ ਹਨ: ਗ੍ਰੇਡ 12 ਦੇ ਲਗਭਗ 56% ਵਿਦਿਆਰਥੀਆਂ ਦੀ ਤੁਲਨਾ ਵਿੱਚ ਗ੍ਰੇਡ 7 ਦੇ ਲਗਭਗ 37% ਵਿਦਿਆਰਥੀਆਂ ਨੇ ਪਿਛਲੇ 12 ਮਹੀਨਿਆਂ ਵਿੱਚ ਜੂਆ ਖੇਡਿਆ।
- ਆਦਮੀ ਜੂਏ ਦੀ ਸਮੱਸਿਆ ਦੇ ਜ਼ਿਆਦਾ ਜੋਖਿਮ ਤੇ ਹੁੰਦੇ ਹਨ ਜਾਂ ਇਹੋ ਜਿਹਾ ਵਿਹਾਰ ਕਰਦੇ ਹਨ ਜੋ ਜੂਏ ਦੀ ਸਮੱਸਿਆ ਵਲ ਸੰਕੇਤ ਕਰ ਸਕਦਾ ਹੈ।
- ਹਾਈ-ਸਕੂਲ ਦੇ ਵਿਦਿਆਰਥੀ ਜੂਨੀਅਰ ਸਕੂਲ ਦੇ ਵਿਦਿਆਰਥੀਆਂ ਨਾਲੋਂ ਜੂਏ ਦੀਆਂ ਸਮੱਸਿਆਵਾਂ ਦੇ ਵਿਕਸਿਤ ਹੋਣ ਦੇ ਜ਼ਿਆਦਾ ਜੋਖਿਮ ਤੇ ਹੁੰਦੇ ਹਨ।

ਅਕਸਰ, ਜੂਏ ਦੀਆਂ ਸਮੱਸਿਆਵਾਂ ਨਾਲ ਦੇ ਕਿਸ਼ੋਰਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਹੋਰ ਖੇਤਰਾਂ ਵਿੱਚ ਵੀ ਪਰੇਸ਼ਾਨੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਹੱਲ ਕਰਨ ਦੀ ਲੋੜ ਹੁੰਦੀ ਹੈ, ਜਿਵੇਂ ਕਿ ਇਕੱਲਾ ਮਹਿਸੂਸ ਕਰਨਾ ਜਾਂ ਆਪਣੇ ਮਾਪਿਆਂ ਨਾਲ ਬਹੁਤ ਜ਼ਿਆਦਾ ਬਹਿਸ ਕਰਨਾ।

ਜੇ ਤੁਸੀਂ ਚਿੰਤਤ ਹੋ ਕਿ ਤੁਸੀਂ ਜਾਂ ਉਹ ਕੋਈ ਜਿਸ ਨੂੰ ਤੁਸੀਂ ਜਾਣਦੇ ਹੋ, ਨੂੰ ਜੂਏ ਨਾਲ ਸਮੱਸਿਆਵਾਂ ਹੋ ਸਕਦੀਆਂ ਹਨ ਤਾਂ ਅਸੀਂ ਇੱਥੇ ਮਦਦ ਕਰਨ ਲਈ ਹਾਂ। ਸਾਡੀਆਂ ਨਸ਼ੇ ਦੇ ਇਲਾਜ ਦੀਆਂ ਸੇਵਾਵਾਂ ਸਵੈਇੱਛਤ ਅਤੇ ਗੁਪਤ ਹਨ।ਹੋਰ ਜ਼ਿਆਦਾ ਜਾਣਕਾਰੀ ਅਤੇ ਆਪਣੇ ਨੇੜੇ ਅਡਿਕਸ਼ਨ ਸਰਵਸਿਸ ਅਫਸਰ ਨੂੰ ਲੱਭਣ ਲਈ, ਕਿਰਪਾ ਕਰਕੇ 24-ਘੰਟੇ ਮਦਦ ਲਾਈਨ ਤੇ ਕਾਲ ਕਰੋ।

24/7 ਨਰਸ ਸਲਾਹ ਅਤੇ ਸਿਹਤ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਲਿੰਕ ਨੂੰ 8-1-1 ਤੇ ਕਾਲ ਕਰੋ।

**ਅਖੀਰਲੀ ਵਾਰ ਸੰਸ਼ੋਧਿਤ ਕੀਤਾ**: 2 ਮਾਰਚ, 2017

**ਲੇਖਕ**: ਨਸ਼ਾ ਅਤੇ ਮਾਨਸਿਕ ਸਿਹਤ, ਅਲਬਰਟਾ ਸਿਹਤ ਸੇਵਾਵਾਂ (Addiction and Mental Health, Alberta Health Services)

ਇਹ ਸਮੱਗਰੀ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਸ ਨੂੰ ਮੈਡੀਕਲ ਸਲਾਹ, ਨਿਰਦੇਸ਼, ਅਤੇ/ਜਾਂ ਇਲਾਜ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਜਾਂ ਉਚਿਤ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।